# PeaceHealth ਵਿਖੇ ਵਿੱਤੀ ਸਹਾਇਤਾ

## ਮਦਦ ਉਪਲਬਧ ਹੈ

PeaceHealth ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਾਡੇ ਮਰੀਜ਼ਾਂ ਲਈ ਉਹਨਾਂ ਨੂੰ ਲੋੜੀਂਦੀ ਸੰਭਾਲ ਮਿਲੇ, ਭਾਵੇਂ ਉਹ ਭੁਗਤਾਨ ਕਰ ਸਕਦੇ ਹਨ ਜਾਂ ਨਹੀਂ। ਯਾਨਿ ਜਿਹੜੇ ਲੋਕ ਭੁਗਤਾਨ ਨਹੀਂ ਕਰ ਸਕਦੇ, ਉਹਨਾਂ ਨੂੰ ਸਿਹਤ-ਸੰਭਾਲ ਮੁਹੱਈਆ ਕਰਨਾ ਹੀ ਸਾਡੇ ਮਿਸ਼ਨ ਦਾ ਹਿੱਸਾ ਹੈ। ਕਾਨੂੰਨ ਰਾਹੀਂ ਲੋੜੀਂਦੇ ਅਨੁਸਾਰ, ਹੱਕਦਾਰ ਮਰੀਜ਼ਾਂ ਨੂੰ ਸਾਡੇ ਹਸਪਤਾਲਾਂ ਵਿੱਚ ਮੁਫ਼ਤ ਅਤੇ ਰਿਆਇਤੀ ਸੰਭਾਲ ਮਿਲਣੀ ਚਾਹੀਦੀ ਹੈ। ਪਰਿਵਾਰ ਦੇ ਮੈਂਬਰਾਂ ਅਤੇ ਆਮਦਨ ਨੂੰ ਧਿਆਨ ਵਿੱਚ ਰੱਖਦਿਆਂ, ਤੁਸੀਂ ਮੁਫ਼ਤ ਅਤੇ ਰਿਆਇਤੀ ਸੰਭਾਲ ਲਈ ਹੱਕਦਾਰ ਹੋ ਸਕਦੇ ਹੋ, ਭਾਵੇਂ ਤੁਸੀਂ ਸਿਹਤ ਬੀਮਾ ਕਰਾਇਆ ਹੋਇਆ ਹੈ। ਜਿਹੜੇ ਮਰੀਜ਼ਾਂ ਨੂੰ ਬਿੱਲ ਦਾ ਭੁਗਤਾਨ ਕਰਨ ਵਿੱਚ ਦਿੱਕਤ ਹੋ ਰਹੀ ਹੈ, ਉਹਨਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਮਰੀਜ਼ ਦੇ ਖਾਤੇ ਬਾਰੇ ਸਪੈਸ਼ਲਿਸਟ ਨੂੰ ਕੱਾਲ ਕਰਨੀ ਚਾਹੀਦੀ ਹੈ।

## ਅਪਲਾਈ ਕਿਵੇਂ ਕਰਨਾ ਹੈ

ਆਪ ਜਾਕੇ, ਡਾਕ ਰਾਹੀਂ ਜਾਂ ਫੋਨ 'ਤੇ। ਮਰੀਜ਼ ਅਰਜ਼ੀ ਜਮ੍ਹਾਂ ਕਰਕੇ ਅਤੇ ਇਸ ਨਾਲ ਜੁੜੇ ਸਹਾਇਕ ਦਸਤਾਵੇਜ਼ ਮੁਹੱਈਆ ਕਰਕੇ ਵਿੱਤੀ ਮਦਦ ਲਈ ਅਪਲਾਈ ਕਰ ਸਕਦੇ ਹਨ। ਆਪਣੇ ਸੁਆਲਾਂ ਨਾਲ ਜਾਂ ਸਾਡੇ ਅਰਜ਼ੀ ਫ਼ਾਰਮ ਅਤੇ ਪਾੱਲਿਸੀਆਂ ਦੀਆਂ ਮੁਫ਼ਤ ਕਾੱਪੀਆਂ ਲਈ ਬੇਨਤੀ ਕਰਨ ਵਾਸਤੇ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

- **ਟੈਲੀਫੋਨ ਰਾਹੀਂ:**
  - 877-202-3597 ਅੰਗ੍ਰੇਜ਼ੀ ਵਿੱਚ ਮਦਦ
  - 844-746-4737 ਹੋਰ ਸਾਰੀਆਂ ਭਾਸ਼ਾਵਾਂ [Para español o tagalog, 国语, для русского языка, cho Việt]
- **PeaceHealth ਵੈਬਸਾਈਟ:** **peacehealth.org/financialassistance**
- ਆਪ ਜਾਕੇ: ਸਾਡੇ ਕਿਸੇ ਵੀ PeaceHealth ਮੈਡੀਕਲ ਸੈਂਟਰ ਵਿਖੇ
- **ਬਿਨਾ ਕਿਸੇ ਲਾਗਤ ਡਾਕ ਰਾਹੀਂ ਦਸਤਾਵੇਜ਼ ਹਾਸਿਲ ਕਰਨ ਲਈ:** ਸਾਨੂੰ ਉੱਪਰ ਦਿੱਤੇ ਨੰਬਰਾਂ 'ਤੇ ਕੱਾਲ ਕਰੋ

## ਵਿੱਤੀ ਮਦਦ ਬਾਰੇ ਫ਼ੌਰੀ ਤੱਥ

**ਐਮਰਜੈਂਸੀ ਸੰਭਾਲ:** ਸਾਡੇ ਸਾਰੇ ਹਸਪਤਾਲਾਂ ਵਿਚਲੇ ਐਮਰਜੈਂਸੀ ਰੂਮ, ਐਮਰਜੈਂਸੀ ਮੈਡੀਕਲ ਇਲਾਜ ਅਤੇ ਕਿਰਤ ਕਾਨੂੰਨ (Emergency Medical Treatment and Labor Act, EMTALA) ਦੇ ਕਾਨੂੰਨੀ ਨੇਮਾਂ ਦੀ ਪਾਲਣਾ ਕਰਦੇ ਹਨ। ਅਸੀਂ ਐਮਰਜੈਂਸੀ ਮੈਡੀਕਲ ਜ਼ਰੂਰਤਾਂ ਵਾਲੇ ਮਰੀਜ਼ਾਂ ਦੀ ਸੰਭਾਲ ਕਰਦੇ ਹਾਂ, ਭਾਵੇਂ ਮਰੀਜ਼ ਨੇ ਬੀਮਾ ਕਰਾਇਆ ਹੋਵੇ ਜਾਂ ਨਹੀਂ, ਸਰਵਿਸ ਦੇਣ ਵੇਲੇ ਕੋਈ ਭੁਗਤਾਨ ਨਹੀਂ ਕਰਨਾ ਪੈਂਦਾ। ਜੇ ਐਮਰਜੈਂਸੀ ਸੰਭਾਲ ਲਈ ਲੋੜ ਹੈ, ਤਾਂ ਵਿੱਤੀ ਮਦਦ ਉਪਲਬਧ ਹੈ।

**ਜੇ ਮੈਂ ਆਪਣੇ ਬਿੱਲਾਂ ਦਾ ਭੁਗਤਾਨ ਨਹੀਂ ਕਰ ਸਕਦਾ/ਸਕਦੀ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?** ਵਿੱਤੀ ਮਦਦ ਲਈ ਕੋਈ ਵੀ ਮਰੀਜ਼ ਅਪਲਾਈ ਕਰ ਸਕਦਾ/ਸਕਦੀ ਹੈ। ਅਪਲਾਈ ਕਰਨ ਵਾਲੇ ਕਿਸੇ ਵੀ ਸ਼ਖ਼ਸ ਤੋਂ, ਉਸ ਵਲੋਂ ਦਿੱਤੀ ਗਈ ਵਿੱਤੀ ਲੋੜ ਸਬੰਧੀ ਜਾਣਕਾਰੀ ਬਾਰੇ ਪੁੱਛਿਆ ਜਾਏਗਾ। ਤੁਹਾਡੀ ਆਮਦਨ ਅਤੇ ਭੁਗਤਾਨ ਕਰਨ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦਿਆਂ, PeaceHealth ਤੁਹਾਡੇ ਬਿੱਲ ਵਿੱਚ ਮਦਦ ਦੀ ਪੇਸ਼ਕਸ਼ ਕਰਦਾ ਹੈ। ਅਸੀਂ 70% ਤੋਂ 100% ਤੱਕ ਦੀ ਛੋਟ ਦਿੰਦੇ ਹਾਂ। ਮਰੀਜ਼ ਦੀਆਂ ਵਿੱਤੀ ਜ਼ਰੂਰਤਾਂ ਨੂੰ ਵੇਖਦਿਆਂ, ਮਦਦ ਲਈ ਉਪਲਬਧ ਰਕਮ ਤੈਅ ਕੀਤੀ ਜਾਂਦੀ ਹੈ।

**ਕੌਣ ਕਵਰ ਹੁੰਦਾ ਹੈ?** ਵਿੱਤੀ ਮਦਦ ਲਈ ਕਵਰ ਮਰੀਜ਼ ਦਾ ਐਮਰਜੈਂਸੀ ਜਾਂ ਮੈਡੀਕਲ ਤੌਰ 'ਤੇ ਲੋੜੀਂਦਾ ਇਲਾਜ ਕੀਤਾ ਜਾਏਗਾ ਅਤੇ ਆਮ ਤੌਰ 'ਤੇ ਉਹਨਾਂ ਤੋਂ ਬੀਮਾ ਕਰਾ ਚੁੱਕੇ ਮਰੀਜ਼ਾਂ ਤੋਂ ਲਈ ਜਾਣ ਵਾਲੀ ਬਿੱਲ ਦੀ ਰਕਮ (AGB) ਤੋਂ ਵੱਧ ਲਾਗਤ ਨਹੀਂ ਲਈ ਜਾਏਗੀ।

**ਕੀ ਮੈਂ ਭੁਗਤਾਨ ਕਰ ਸਕਦਾ/ਸਕਦੀ ਹਾਂ?** ਜਦੋਂ ਤੁਹਾਨੂੰ ਤੁਹਾਡੀ ਸ਼ੁਰੂਆਤੀ ਬਿਲਿੰਗ ਸਟੇਟਮੈਂਟ ਮਿਲਦੀ ਹੈ, ਤਾਂ PeaceHealth ਪੂਰੀ ਰਕਮ ਦਾ ਭੁਗਤਾਨ ਕਰਨ ਲਈ ਕਹਿੰਦਾ ਹੈ। ਤੁਹਾਡੀ ਬਕਾਇਆ ਰਕਮ ਦਾ ਭੁਗਤਾਨ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ, ਜਿਵੇਂ: ਕ੍ਰੈਡਿਟ ਕਾਰਡ, ਪ੍ਰੀਪੇਡ ਕਾਰਡ, ਨਗਦ ਰਕਮ, ਚੈਕ, ਜਾਂ ਆੱਨਲਾਈਨ ਭੁਗਤਾਨ। ਭੁਗਤਾਨ ਦੇ ਪਲਾਨ ਵੀ ਉਪਲਬਧ ਹਨ। ਭੁਗਤਾਨ ਦੇ ਤਰੀਕਿਆਂ ਬਾਰੇ ਗੱਲਬਾਤ ਕਰਨ ਲਈ, ਕਿਰਪਾ ਕਰਕੇ ਮਰੀਜ਼ ਦੇ ਖਾਤੇ ਬਾਰੇ ਸਪੈਸ਼ਲਿਸਟ ਨਾਲ ਉੱਪਰ ਦਿੱਤੇ ਨੰਬਰਾਂ 'ਤੇ ਕੱਾਲ ਕਰੋ।

**ਕਵਰੇਜ ਬਾਰੇ ਮਦਦ:** ਅਸੀਂ ਅਜਿਹੇ ਭਾਈਚਾਰਕ ਜਾਂ ਸਰਕਾਰੀ ਪ੍ਰੋਗਰਾਮਾਂ, ਜਿਹਨਾਂ ਨਾਲ ਮੈਡੀਕਲ ਬਿੱਲਾਂ ਵਨੂੰ ਕਵਰ ਕਰਨ ਵਿੱਚ ਮਦਦ ਮਿਲ ਸਕਦੀ ਹੈ, ਉਸ ਵਿੱਚ ਅਪਲਾਈ ਕਰਨ ਵਾਸਤੇ ਮਰੀਜ਼ਾਂ ਦੀ ਮਦਦ ਕਰ ਸਕਦੇ ਹਾਂ। ਜਿਹੜੇ ਮਰੀਜ਼ਾਂ ਦਾ ਬੀਮਾ ਨਹੀਂ ਹੋਇਆ, ਤਾਂ ਮਦਦ ਲਈ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ। ਅਸੀਂ ਉਹਨਾਂ ਮਰੀਜ਼ਾਂ ਦੀ ਵੀ ਮਦਦ ਕਰਾਂਗੇ, ਜਿਹਨਾਂ ਵਲੋਂ ਬੀਮੇ ਦਾ ਭੁਗਤਾਨ ਕਰਨ ਤੋਂ ਬਾਅਦ ਵੀ ਵੱਡੇ ਬਿੱਲ ਦੇ ਭੁਗਤਾਨ ਦੀ ਬਕਾਇਆ ਰਕਮ ਰਹਿੰਦੀ ਹੈ।

**ਜੇ ਅੰਗ੍ਰੇਜ਼ੀ ਤੁਹਾਡੀ ਮਾਂ-ਬੋਲੀ ਨਹੀਂ ਹੈ:** ਸਾਡੀ ਵਿੱਤੀ ਮਦਦ ਬਾਰੇ ਪਾੱਲਿਸੀ, ਅਰਜ਼ੀ ਅਤੇ ਇਹ ਸਾਰ ਹੇਠਾਂ ਦਿੱਤੀਆਂ ਭਾਸ਼ਾਵਾਂ ਵਿੱਚ ਉਪਲਬਧ ਹਨ:

- ਸਪੈਨਿਸ਼ (Español)
- ਚੀਨੀ (中文)
- ਸੋਮਾਲੀ (Soomaalida)
- ਯੁਕ੍ਰੇਨੀਅਨ (Українська)
- ਜਰਮਨ (Deutsch)
- ਅਰਬੀ (العربية)
- ਖਮੇਰ
- ਜਪਾਨੀ (日本語)
- ਥਾਈ (ไทย)
- ਟੈਗਲੋੱਗ
- ਕੋਰਿਆਈ (한국어)
- ਰੋਮੈਨੀਅਨ (Română)
- ਫ਼ਾਰਸੀ
- ਪੰਜਾਬੀ
- ਵੀਅਤਨਾਮੀ (Tiếng Việt)
- ਰੂਸੀ (Русский)
- ਚੁਕੀਜ਼
- ਓਰੋਮੋ
- ਫ਼੍ਰੈਂਚ (Français)

PeaceHealth